# COVID-19
# ਨਬਾਲਗਾਂ ਦੀ ਸੋਚੀ ਸਮਝੀ ਸਹਿਮਤੀ

BRITISH COLUMBIA Ministry of Health

BC Centre for Disease Control
Provincial Health Services Authority

## ਵੈਕਸੀਨ ਲਈ ਸਹਿਮਤੀ

ਮਾਪਿਆਂ ਜਾਂ ਸਰਪ੍ਰਸਤਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਪੇਸ਼ ਕੀਤੇ ਜਾ ਰਹੇ ਵੈਕਸੀਨਾਂ ਅਤੇ ਸਹਿਮਤੀ ਫਾਰਮ ਬਾਰੇ ਜਾਣਕਾਰੀ ਦੀ ਸਮੀਖਿਆ ਅਤੇ ਵਿਚਾਰ ਵਟਾਂਦਰਾ ਕਰਨ, ਅਤੇ ਮਿਲ ਕੇ ਇਮਿਊਨਾਈਜ਼ੇਸ਼ਨ ਬਾਰੇ ਫ਼ੈਸਲਾ ਕਰਨ।

ਜੇ ਕੋਵਿਡ-19 ਵੈਕਸੀਨੇਸ਼ਨ ਕਲੀਨਿਕ ਸਕੂਲ ਵਿਚ ਸਕੂਲ ਦੇ ਸਮੇਂ ਦੌਰਾਨ ਹਨ, ਤਾਂ ਸਹਿਮਤੀ ਫ਼ਾਰਮ ਅਤੇ ਇਮਿਊਨਾਈਜ਼ੇਸ਼ਨ ਬਾਰੇ ਜਾਣਕਾਰੀ ਪਹਿਲਾਂ ਦਿੱਤੀ ਜਾਏਗੀ ਤਾਂ ਕਿ ਘਰ ਵਿਚ ਵਿਚਾਰ ਵਟਾਂਦਰਾ ਕਰ ਸਕਣ।

## ਨਬਾਲਗਾਂ ਦੀ ਸੋਚੀ ਸਮਝੀ ਸਹਿਮਤੀ

19 ਸਾਲ ਦੀ ਉਮਰ ਤੋਂ ਛੋਟੇ ਬੱਚੇ ਜੋ ਵੈਕਸੀਨ ਦੇ ਫ਼ਾਇਦਿਆਂ ਅਤੇ ਸੰਭਵ ਪ੍ਰਤੀਕਰਮਾਂ ਅਤੇ ਇਮਿਊਨਾਈਜ਼ੇਸ਼ਨ ਨਾ ਲੈਣ ਦੇ ਖ਼ਤਰੇ ਬਾਰੇ ਸਮਝਦੇ ਹਨ ਉਹ ਕਾਨੂੰਨੀ ਤੌਰ ਤੇ ਆਪ ਇਮਿਊਨਾਈਜ਼ੇਸ਼ਨ ਬਾਰੇ ਸਹਿਮਤੀ ਜਾਂ ਇਨਕਾਰ ਦਾ ਫ਼ੈਸਲਾ ਕਰ ਸਕਦੇ ਹਨ। ਇਸ ਦਾ ਮਤਲਬ ਇਹ ਹੈ ਕਿ ਤੁਹਾਡਾ ਬੱਚਾ ਖ਼ੁਦ ਫੈਸਲਾ ਕਰ ਸਕਦਾ ਹੈ ਕਿ ਵੈਕਸੀਨ ਲੈਣੀ ਹੈ ਕਿ ਨਹੀਂ।

ਇਹ ਤਰੀਕਾ ਉਦੋਂ ਤੋਂ ਲਾਗੂ ਹੈ ਜਦੋਂ 1996 ਵਿਚ ਬੀ.ਸੀ. ਵਿਚ ਬਾਲਕ ਐਕਟ ਪਾਸ ਹੋਇਆ ਸੀ, ਨਬਾਲਗਾਂ ਦੀ ਸੋਚੀ ਸਮਝੀ ਸਹਿਮਤੀ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਹ ਵੈੱਬਸਾਈਟ ਦੇਖੋ। **www.healthlinkbc.ca/healthlinkbc-files/infants-act-mature-minor-consent-and-immunization**

## ਸੋਚੀ ਸਮਝੀ ਸਹਿਮਤੀ

ਬੱਚੇ ਦੀ ਸਹਿਮਤੀ ਮਨਜ਼ੂਰ ਕਰਨ ਤੋਂ ਪਹਿਲਾਂ, ਸਿਹਤ ਸੰਭਾਲ ਕਰਨ ਵਾਲਾ ਬੱਚੇ ਨੂੰ ਵੈਕਸੀਨ ਬਾਰੇ ਸਾਰੀ ਜਾਣਕਾਰੀ ਦੇਵੇਗਾ। ਸਿਹਤ ਸੰਭਾਲ ਕਰਨ ਵਾਲਾ ਬੱਚੇ ਨਾਲ ਹੇਠ ਲਿਖੀ ਜਾਣਕਾਰੀ ਦੀ ਸਮੀਖਿਆ ਕਰੇਗਾ (ਇਹ ਜਾਣਕਾਰੀ ਇੱਥੇ ਉਪਲਬਧ ਹੈ: **www.healthlinkbc.ca/healthlinkbc-files/covid-19-vaccines**):

- ਕਿਹੜਾ ਵੈਕਸੀਨ ਲਗਾਉਣਾ ਬਾਕੀ ਹੈ
- ਇਮਿਊਨਾਈਜ਼ੇਸ਼ਨ ਦੇ ਫ਼ਾਇਦੇ
- ਇਮਿਊਨਾਈਜ਼ਡ ਨਾ ਹੋਣ ਦੇ ਖ਼ਤਰੇ
- ਆਮ ਹੋਣ ਵਾਲੇ ਮਾੜੇ ਪ੍ਰਭਾਵਾਂ ਦੀ ਉਮੀਦ
- ਬਹੁਤ ਘੱਟ ਹੋਣ ਵਾਲੇ ਗੰਭੀਰ ਮਾੜੇ ਪ੍ਰਭਾਵ
- ਵੈਕਸੀਨ ਨਾ ਲੈਣ ਦੇ ਮੈਡੀਕਲ ਕਾਰਨ

ਸਿਹਤ ਸੰਭਾਲ ਕਰਨ ਵਾਲਾ ਬੱਚੇ ਨੂੰ ਜਾਣਕਾਰੀ ਪੜ੍ਹਨ ਦਾ ਸਮਾਂ ਅਤੇ ਸਵਾਲ ਪੁੱਛਣ ਦੀ ਇਜਾਜ਼ਤ ਦੇਵੇਗਾ। ਇਹ ਸੁਨਿਸ਼ਚਿਤ ਕਰਨ ਲਈ ਕਿ ਬੱਚੇ ਨੇ ਜਾਣਕਾਰੀ ਸਮਝ ਲਈ ਹੈ ਅਤੇ ਫ਼ੈਸਲਾ ਕਰਨ ਲਈ ਤਿਆਰ ਹੈ ਬੱਚੇ ਨੂੰ ਸਵਾਲ ਪੁੱਛੇ ਜਾਣਗੇ। ਜੇ ਕੋਈ ਬੱਚਾ ਆਪਣੇ ਆਪ ਸਹਿਮਤੀ ਦਿੰਦਾ ਹੈ ਤਾਂ ਉਸ ਵੱਲੋਂ ਇਹ ਇਜਾਜ਼ਤ ਵੀ ਦੇਣੀ ਪਵੇਗੀ ਕਿ ਉਸ ਦੇ ਇਮਿਊਨਾਈਜ਼ੇਸ਼ਨ ਦੇ ਰਿਕਾਰਡ ਉਸ ਦੇ ਮਾਪਿਆਂ ਜਾਂ ਸਰਪ੍ਰਸਤਾਂ ਨਾਲ ਸਾਂਝੇ ਕੀਤੇ ਜਾ ਸਕਦੇ ਹਨ।

ਜੇ ਸਿਹਤ ਸੰਭਾਲ ਕਰਨ ਵਾਲੇ ਨੂੰ ਭਰੋਸਾ ਨਹੀਂ ਕਿ ਬੱਚੇ ਨੇ ਇਮਿਊਨਾਈਜ਼ੇਸ਼ਨ ਬਾਰੇ ਸਮਝ ਲਿਆ ਹੈ ਅਤੇ ਫ਼ੈਸਲਾ ਕਰਨ ਦੇ ਯੋਗ ਹੈ ਤਾਂ ਮਾਪਿਆਂ/ਸਰਪ੍ਰਸਤਾਂ ਦੀ ਸਹਿਮਤੀ ਤੋਂ ਬਿਨਾਂ ਬੱਚੇ ਦੀ ਇਮਿਊਨਾਈਜ਼ੇਸ਼ਨ ਨਹੀਂ ਕੀਤੀ ਜਾਏਗੀ।

## ਸੋਚੀ ਸਮਝੀ ਸਹਿਮਤੀ ਕਿਵੇਂ ਕੰਮ ਕਰਦੀ ਹੈ

ਸਿਹਤਸੰਭਾਲ ਕਰਨ ਵਾਲੇ ਕਰਮਚਾਰੀ ਜੋ ਇਮਿਊਨਾਈਜ਼ੇਸ਼ਨ ਕਰਦੇ ਹਨ ਉਨ੍ਹਾਂ ਨੂੰ ਇਹ ਸਿਖਲਾਈ ਦਿੱਤੀ ਜਾਂਦੀ ਹੈ ਕਿ ਉਹ ਵਿਅਕਤੀ ਨਾਲ ਸਹਿਮਤੀ ਬਾਰੇ ਵਿਚਾਰ ਵਟਾਂਦਰਾ ਕਰ ਕੇ ਵਿਅਕਤੀ ਦੀ ਸਹਿਮਤੀ ਦੇਣ ਬਾਰੇ ਯੋਗਤਾ ਦਾ ਅੰਦਾਜ਼ਾ ਕਰ ਸਕਣ।



ਸੋਚੀ ਸਮਝੀ ਸਹਿਮਤੀ ਲੈਣ ਦਾ ਇਹ ਤਰੀਕਾ ਹੈ:

- ਇਮਿਊਨਾਈਜ਼ੇਸ਼ਨ ਬਾਰੇ ਹੋਵੇ
- ਵਿਅਕਤੀ ਕੇਂਦ੍ਰਿਤ ਹੋਵੇ
- ਸਵੈ-ਇੱਛਤ ਹੋਵੇ
- ਗਲਤਬਿਆਨੀ ਕੀਤੇ ਬਗੈਰ ਸਹਿਮਤੀ ਹੋਵੇ

### ਸੋਚੀ ਸਮਝੀ ਸਹਿਮਤੀ ਦੇ ਕਦਮ:

1. ਸਹਿਮਤੀ ਦੇਣ ਵਾਲੇ ਵਿਅਕਤੀ ਦੀ ਯੋਗਤਾ ਪਰਖਣੀ
2. ਸਟੈਂਡਰਡ ਜਾਣਕਾਰੀ ਦੇਣੀ
3. ਸਵਾਲਾਂ ਜਵਾਬਾਂ ਲਈ ਸਮਾਂ ਦੇਣਾ
4. ਸਹਿਮਤੀ ਤੋਂ ਇਨਕਾਰ ਜਾਂ ਰੱਦ ਕਰਨ ਦਾ ਅਧਿਕਾਰ ਦੇਣਾ

ਮਾਪਿਆਂ ਅਤੇ ਸਰਪ੍ਰਸਤਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਆਪਣੇ ਬੱਚਿਆਂ ਨਾਲ ਕੋਵਿਡ-19 ਵੈਕਸੀਨੇਸ਼ਨ ਬਾਰੇ ਵਿਚਾਰ ਵਟਾਂਦਰਾ ਕਰਨ ਅਤੇ ਮਿਲ ਕੇ ਵੈਕਸੀਨੇਸ਼ਨ ਲਈ ਸਹਿਮਤੀ ਬਾਰੇ ਫ਼ੈਸਲਾ ਕਰ ਲੈਣ।

